**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)

ਪੰਜਾਬ।

ਮੀਮੋ ਨੰ: DGSE-SSA/35/2021

ਮਿਤੀ: 22-01-2021

**ਵਿਸ਼ਾ: ਬਲਾਕ ਨੋਡਲ ਅਫਸਰਾਂ ਨੂੰ ਟੀ.ਏ. ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਗੁਣਾਤਮਕ ਸੁਧਾਰ ਅਤੇ ਮਿਸ਼ਨ ਸ਼ਤ ਪ੍ਰਤੀਸ਼ਤ ਨੂੰ ਸਫਲ ਬਣਾਉਣ ਲਈ ਬਲਾਕ ਪੱਧਰ ਤੇ ਬਲਾਕ ਨੋਡਲ ਅਫਸਰ (BNO) ਤੈਨਾਤ ਕੀਤੇ ਗਏ ਹਨ, ਜੋ ਆਪਣੇ ਬਲਾਕ ਅਧੀਨ ਪੈਂਦੇ ਸਕੂਲਾਂ ਨੂੰ ਵਿਜ਼ਿਟ ਕਰਨਗੇ ਅਤੇ ਵਿਦਿਆਰਥੀਆਂ ਦੇ ਨਤੀਜਿਆਂ ਨੂੰ ਹੋਰ ਵਧੀਆ ਬਣਾਉਣ ਦੇ ਲਈ ਯਤਨ ਕਰਨਗੇ। ਇਹ ਸਕੂਲਾਂ ਦੀਆਂ Good Practices ਨੂੰ ਦੂਜੇ ਸਕੂਲਾਂ ਦੇ ਅਧਿਆਪਕਾਂ ਦੇ ਨਾਲ ਸਾਂਝੀਆਂ ਕਰਨਗੇ ਅਤੇ ਅਧਿਆਪਕਾਂ ਨਾਲ ਲੋੜੀਂਦੀ ਰਣਨੀਤੀ ਬਣਾਉਣ ਵਿੱਚ ਸਹਿਯੋਗ ਕਰਨਗੇ।

2.0 ਬਲਾਕ ਨੋਡਲ ਅਫਸਰਾਂ ਵੱਲੋਂ, ਹਫਤੇ ਵਿੱਚ ਕੋਈ ਦੋ ਦਿਨ ਆਪਣੇ ਬਲਾਕ ਅਧੀਨ ਆਉਂਦੇ ਸਕੂਲਾਂ ਵਿੱਚ ਵਿਜ਼ਿਟ ਕੀਤਾ ਜਾਵੇਗਾ। ਸਕੂਲਾਂ ਦੇ ਵਿੱਚ ਕੀਤੇ ਜਾਣ ਵਾਲੇ ਵਿਜ਼ਿਟ ਲਈ ਬਲਾਕ ਨੋਡਲ ਅਫਸਰਾਂ ਨੂੰ 7/- ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਟੀ.ਏ. ਦੀ ਅਦਾਇਗੀ ਕੀਤੀ ਜਾਵੇਗੀ। ਇਹ ਟੀ.ਏ. ਉਨ੍ਹਾਂ ਨੂੰ ਵੱਧ ਤੋਂ ਵੱਧ 500 ਕਿਲੋਮੀਟਰ ਪ੍ਰਤੀ ਮਹੀਨੇ ਲਈ ਦਿੱਤਾ ਜਾ ਸਕਦਾ ਹੈ। ਇਹਨਾਂ ਵੱਲੋਂ 500 ਕਿਲੋਮੀਟਰ ਤੋਂ ਵੱਧ ਤੈਅ ਕੀਤੀ ਦੂਰੀ ਵਾਸਤੇ ਟੀ.ਏ. ਦੀ ਅਦਾਇਗੀ ਨਹੀਂ ਕੀਤੀ ਜਾਵੇ।

3.0 ਬਲਾਕ ਨੋਡਲ ਅਫਸਰਾਂ ਨੂੰ ਸਕੂਲਾਂ ਵਿਚ ਵਿਜ਼ਿਟ ਕਰਨ ਬਦਲੇ ਦਿੱਤੇ ਜਾਣ ਵਾਲੇ ਟੀ.ਏ. ਦੀ ਅਦਾਇਗੀ ਮਿਤੀ 20.01.2021 ਤੋਂ 20.03.2021 ਤੱਕ ਕੀਤੀ ਜਾਵੇ।

4.0 ਇਸ ਸਬੰਧੀ ਰਾਸ਼ੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਭੇਜ ਦਿੱਤੀ ਗਈ ਹੈ ਅਤੇ ਬਲਾਕ ਨੋਡਲ ਅਫਸਰ ਆਪਣਾ ਬਣਦਾ ਟੀ.ਏ. ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਤੋਂ ਕਲੇਮ ਕਰ ਸਕਦੇ ਹਨ।

22/1/21

**ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: 22-01-2021

ਉਪਰੋਕਤ ਦਾ ਉਤਾਰਾ ਸਮੂਹ ਬਲਾਕ ਨੋਡਲ ਅਫਸਰਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

22/1/21

**ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**

Sushil